SET-2

**Series ZZYY1/2**

Q.P. Code **42/2/2**

Roll No.

| | | | | | | | |
|---|---|---|---|---|---|---|---|
| | | | | | | | |

Candidates must write the Q.P. Code on the title page of the answer-book.

# ਸਮਾਜਿਕ ਵਿਗਿਆਨ

**(ਪੰਜਾਬੀ ਉਲਥਾ)**

# SOCIAL SCIENCE

**(Punjabi Version)**

*ਸਮਾਂ ਸੀਮਾਂ : 3 ਘੰਟੇ* | *ਪੂਰਨ ਅੰਕ : 80*

*Time allowed : 3 hours* | *Maximum Marks : 80*

- ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **13** ਪੰਨੇ + **1** ਮਾਨਚਿੱਤਰ ਹਨ ।
- ਪ੍ਰਸ਼ਨ ਪੱਤਰ ਵਿਚ ਸੱਜੇ ਹੱਥ ਦੇ ਵਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ ।
- ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **37** ਪ੍ਰਸ਼ਨ ਹਨ ।
- **ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀਂ ਲਿਖਣਗੇ ।
- Please check that this question paper contains **13** printed pages **+ 1** Map.
- Q.P. Code given on the right hand side of the question paper should be written on the title page of the answer-book by the candidate.
- Please check that this question paper contains **37** questions.
- **Please write down the serial number of the question in the answer-book before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

*

*ਵਿਆਪਕ ਨਿਰਦੇਸ਼ :*

*ਹੇਠ ਲਿਖੇ ਨਿਰਦੇਸ਼ਾਂ ਨੂੰ ਬਹੁਤ ਧਿਆਨ ਨਾਲ ਪੜ੍ਹੋ ਅਤੇ ਉਨ੍ਹਾਂ ਦਾ ਸਖਤੀ ਨਾਲ ਪਾਲਨ ਕਰੋ :*

(i) *ਇਸ ਪ੍ਰਸ਼ਨ ਪੱਤਰ ਵਿਚ* ***37*** *ਪ੍ਰਸ਼ਨ ਹਨ ।* ***ਸਾਰੇ*** *ਪ੍ਰਸ਼ਨ* ***ਜ਼ਰੂਰੀ*** *ਹਨ ।*

(ii) *ਇਹ ਪ੍ਰਸ਼ਨ ਪੱਤਰ* ***ਛੇ*** *ਖੰਡਾਂ ਵਿੱਚ ਵੰਡਿਆ ਗਿਆ ਹੈ – ਖੰਡ* ***A, B, C, D, E*** *ਅਤੇ* ***F*** *।*

(iii) ***ਖੰਡ A*** *– ਪ੍ਰਸ਼ਨ ਸੰਖਿਆ* ***1*** *ਤੋਂ* ***20*** *ਤਕ ਬਹੁਵਿਕਲਪੀ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ* ***1*** *ਅੰਕ ਦਾ ਹੈ ।*

(iv) ***ਖੰਡ B*** *– ਪ੍ਰਸ਼ਨ ਸੰਖਿਆ* ***21*** *ਤੋਂ* ***24*** *ਤਕ ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ* ***2*** *ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ* ***40*** *ਸ਼ਬਦਾਂ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ ਹੈ ।*

(v) ***ਖੰਡ C*** *– ਪ੍ਰਸ਼ਨ ਸੰਖਿਆ* ***25*** *ਤੋਂ* ***29*** *ਤਕ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ* ***3*** *ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ* ***60*** *ਸ਼ਬਦਾਂ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ ਹੈ ।*

(vi) ***ਖੰਡ D*** *– ਪ੍ਰਸ਼ਨ ਸੰਖਿਆ* ***30*** *ਤੋਂ* ***33*** *ਲੰਬੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ* ***5*** *ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ* ***120*** *ਸ਼ਬਦਾਂ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ ਹੈ ।*

(vii) ***ਖੰਡ E*** *– ਪ੍ਰਸ਼ਨ ਸੰਖਿਆ* ***34*** *ਤੋਂ* ***36*** *ਤਕ ਸਰੋਤ/ਕੇਸ ਅਧਾਰਿਤ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦੇ 3 – 3 ਉਪ-ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ* ***4*** *ਅੰਕ ਦਾ ਹੈ ।*

(viii) ***ਖੰਡ F*** *ਵਿਚ ਪ੍ਰਸ਼ਨ ਸੰਖਿਆ* ***37*** *ਮਾਨਚਿੱਤਰ ਅਧਾਰਿਤ ਪ੍ਰਸ਼ਨ ਹੈ । ਇਹ ਪ੍ਰਸ਼ਨ* ***5*** *ਅੰਕ ਦਾ ਹੈ, ਜੋ ਕਿ ਇਤਿਹਾਸ* ***(37(a) – 2*** *ਅੰਕ) ਅਤੇ ਭੂਗੋਲ* ***(37(b) – 3*** *ਅੰਕ) ਨਾਲ ਸੰਬੰਧਤ ਹਨ ।*

(ix) *ਪ੍ਰਸ਼ਨ ਪੱਤਰ ਵਿਚ ਕੋਈ ਵਿਆਪਕ ਵਿਕਲਪ ਨਹੀਂ ਹੈ । ਹਾਲਾਂਕਿ, ਕੁਝ ਪ੍ਰਸ਼ਨਾਂ ਵਿਚ ਅੰਦਰੂਨੀ ਵਿਕਲਪ ਦਿਤੇ ਗਏ ਹਨ । ਅਜੇਹੇ ਪ੍ਰਸ਼ਨਾਂ ਵਿਚੋਂ* ***ਸਿਰਫ ਇਕ ਹੀ ਵਿਕਲਪ*** *ਦਾ ਉੱਤਰ ਲਿਖੋ ।*

(x) *ਇਨ੍ਹਾਂ ਤੋਂ ਇਲਾਵਾ, ਕੁਛ ਪ੍ਰਸ਼ਨਾਂ ਵਿਚ ਅਲਗ ਤੋਂ ਲੋੜ ਅਨੁਸਾਰ ਨਿਰਦੇਸ਼ ਦਿਤੇ ਗਏ ਹਨ ।*

## ਖੰਡ A

## (ਬਹੁਵਿਕਲਪੀ ਪ੍ਰਸ਼ਨ) *(20×1=20)*

**1.** ਹੇਠ ਲਿਖੇ ਖੇਤਰਾਂ ਵਿੱਚੋਂ ਕਿਸ ਵਿੱਚ ਸਾਰਵਜਨਿਕ ਜੀਵਨ ਵਿੱਚ ਇਸਤ੍ਰੀਆਂ ਦੀ ਹਿੱਸੇਦਾਰੀ ਸੱਭ ਤੋਂ ਵੱਧ ਹੈ ?

(a) ਨੌਰਡਿਕ ਦੇਸ਼ (b) ਅਰਬ ਰਾਜ

(c) ਯੂਰੋਪੀ ਦੇਸ਼ (d) ਏਸ਼ਿਆਈ ਦੇਸ਼

2. *ਕਾਲਮ I* ਦਾ ਮਿਲਾਨ *ਕਾਲਮ II* ਨਾਲ ਕਰੋ ਅਤੇ ਸਹੀ ਵਿਕਲਪ ਚੁਣੋ ।

| | *ਕਾਲਮ I* | | *ਕਾਲਮ II* |
|---|---|---|---|
| i. | ਸੰਘ ਸੂਚੀ | 1. | ਖੇਤੀ ਬਾੜੀ |
| ii. | ਰਾਜ ਸੂਚੀ | 2. | ਕੰਪਿਊਟਰ ਸਾਫਟਵੇਯਰ |
| iii. | ਸਮਵਰਤੀ ਸੂਚੀ | 3. | ਬੈਕਿੰਗ |
| iv. | ਬਾਕੀ ਬੱਚੇ ਵਿਸ਼ੇ | 4 | ਸਿਖਿਆ |

ਵਿਕਲਪ :

(a) i – 3, ii – 1, iii – 4, iv – 2
(b) i – 4, ii – 3, iii – 2, iv – 1
(c) i – 2, ii – 4, iii – 3, iv – 1
(d) i – 1, ii – 2, iii – 3, iv – 4

3. ਹੇਠ ਲਿਖਿਆਂ ਵਿਚੋਂ ਕਿਹੜਾ 'ਕੋਲ ਆਕੇ ਸੰਘ' ਬਨਣ ਦਾ ਉਦਾਹਰਣ ਹੈ ?

(a) ਭਾਰਤ
(b) ਸੰਯੁਕਤ ਰਾਜ ਅਮੇਰਿਕਾ
(c) ਬੇਲਜਿਅਮ
(d) ਸਪੇਨ

4. ਦੋ ਕਥਨ, ਦ੍ਰਿੜਕਥਨ (A) ਅਤੇ ਕਾਰਨ (R) ਦੇ ਰੂਪ ਵਿਚ ਦਿਤੇ ਗਏ ਹਨ । ਦੋਨੋਂ ਕਥਨਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਸਹੀ ਵਿਕਲਪ ਚੁਣੋ ।

*ਦ੍ਰਿੜਕਥਨ (A) :* ਬੇਲਜਿਅਮ ਨੇ ਆਪਣੇ ਸੰਵਿਧਾਨ ਵਿਚ ਚਾਰ ਵਾਰ ਸੰਸ਼ੋਧਨ ਕੀਤੇ ।

*ਕਾਰਨ (R) :* ਸੰਸ਼ੋਧਨ ਸਾਰਿਆਂ ਨੂੰ ਇੱਕ ਹੀ ਦੇਸ਼ ਵਿਚ ਇਕੱਠੇ ਰਹਿਣ ਵਾਸਤੇ ਸਮਰਥ ਬਨਾਉਣ ਲਈ ਸਨ ।

(a) ਦ੍ਰਿੜਕਥਨ (A) ਅਤੇ ਕਾਰਨ (R) ਦੋਨੋਂ ਸਹੀ ਹਨ ਅਤੇ ਕਾਰਨ (R), ਦ੍ਰਿੜਕਥਨ (A) ਦੀ ਸਹੀ ਵਿਆਖਿਆ ਕਰਦਾ ਹੈ ।
(b) ਦ੍ਰਿੜਕਥਨ (A) ਅਤੇ ਕਾਰਨ (R) ਦੋਨੋਂ ਸਹੀ ਹਨ, ਪਰ ਕਾਰਨ (R), ਦ੍ਰਿੜਕਥਨ (A) ਦੀ ਸਹੀ ਵਿਆਖਿਆ ***ਨਹੀਂ*** ਕਰਦਾ ਹੈ ।
(c) ਦ੍ਰਿੜਕਥਨ (A) ਸਹੀ ਹੈ, ਪਰ ਕਾਰਨ (R) ਗਲਤ ਹੈ ।
(d) ਦ੍ਰਿੜਕਥਨ (A) ਗਲਤ ਹੈ, ਪਰ ਕਾਰਨ (R) ਸਹੀ ਹੈ ।

**5.** *ਕਾਲਮ I* ਦਾ ਮਿਲਾਨ *ਕਾਲਮ II* ਨਾਲ ਕਰੋ ਅਤੇ ਸਹੀ ਵਿਕਲਪ ਚੁਣੋ ।

| *ਕਾਲਮ I* *(ਪੱਤਣ)* | *ਕਾਲਮ II* *(ਪ੍ਰਕਾਰ)* |
|---|---|
| i. ਕਾਂਡਲਾ | 1. ਨਦੀ ਵਾਲਾ ਪੱਤਣ |
| ii. ਮੁੰਬਈ | 2. ਸਥਲ ਨਾਲ ਘਿਰਿਆ ਪੱਤਣ |
| iii. ਵਿਸ਼ਾਖਾਪਟਨਮ | 3. ਸਭ ਤੋਂ ਵੱਡਾ ਪੱਤਣ |
| iv. ਕੋਲਕਾਤਾ | 4. ਆਜਾਦੀ ਪ੍ਰਾਪਤ ਕਰਨ ਤੋਂ ਪਿਛੋਂ ਵਿਕਸਿਤ ਪੱਤਣ |

ਵਿਕਲਪ :

(a) i – 4, ii – 3, iii – 2, iv – 1

(b) i – 2, ii – 1, iii – 3, iv – 4

(c) i – 2, ii – 4, iii – 1, iv – 3

(d) i – 1, ii – 2, iii – 4, iv – 3

**6.** ਦੋ ਕਥਨ, ਦ੍ਰਿੜਕਥਨ (A) ਅਤੇ ਕਾਰਨ (R) ਦੇ ਰੂਪ ਵਿਚ ਦਿਤੇ ਗਏ ਹਨ । ਦੋਨੋਂ ਕਥਨਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਸਹੀ ਵਿਕਲਪ ਚੁਣੋ ।

*ਦ੍ਰਿੜਕਥਨ (A) :* ਖੇਤੀ ਬਾੜੀ ਅਤੇ ਉਦਯੋਗ ਇਕ ਦੂਸਰੇ ਦੇ ਪੂਰਕ ਹਨ ।

*ਕਾਰਨ (R) :* ਦੇਸ਼ ਵਿਚ ਉਦਯੋਗਿਕ ਵਿਕਾਸ ਬੇਰੋਜਗਾਰੀ ਅਤੇ ਗਰੀਬੀ ਖਤਮ ਕਰਨ ਦੀ ਜ਼ਰੂਰੀ ਸ਼ਰਤ ਹੈ ।

(a) ਦ੍ਰਿੜਕਥਨ (A) ਅਤੇ ਕਾਰਨ (R) ਦੋਨੋਂ ਸਹੀ ਹਨ ਅਤੇ ਕਾਰਨ (R), ਦ੍ਰਿੜਕਥਨ (A) ਦੀ ਸਹੀ ਵਿਆਖਿਆ ਕਰਦਾ ਹੈ ।

(b) ਦ੍ਰਿੜਕਥਨ (A) ਅਤੇ ਕਾਰਨ (R) ਦੋਨੋਂ ਸਹੀ ਹਨ, ਪਰ ਕਾਰਨ (R), ਦ੍ਰਿੜਕਥਨ (A) ਦੀ ਸਹੀ ਵਿਆਖਿਆ ***ਨਹੀਂ*** ਕਰਦਾ ਹੈ ।

(c) ਦ੍ਰਿੜਕਥਨ (A) ਸਹੀ ਹੈ, ਪਰ ਕਾਰਨ (R) ਗਲਤ ਹੈ ।

(d) ਦ੍ਰਿੜਕਥਨ (A) ਗਲਤ ਹੈ, ਪਰ ਕਾਰਨ (R) ਸਹੀ ਹੈ ।

**7.** ਹੇਠ ਲਿਖਿਆਂ ਵਿਚੋਂ ਕਿਹੜੀ ਮਿੱਟੀ ਉੱਚੇ ਤਾਪਮਾਨ ਅਤੇ ਭਾਰੀ ਬਰਸਾਤ ਵਾਲੇ ਖੇਤਰਾਂ ਵਿਚ ਵਿਕਸਿਤ ਹੁੰਦੀ ਹੈ ?

(a) ਲਾਲ ਅਤੇ ਪੀਲੀ (b) ਕਾਲੀ

(c) ਜਲੋੜ (d) ਲੇਟਰਾਇਟ

**8.** ਹੇਠ ਦਿੱਤੇ ਗਏ ਚਿਤਰ ਨੂੰ ਦੇਖੋ । ਚਿਤਰ ਵਿਚ ਦਿਖਾਏ ਗਏ ਸੀਨਿਅਰ ਸਾਹਿਤਕਾਰ ਦੇ ਨਾਮ ਨੂੰ ਪਛਾਣੋ ਅਤੇ ਸਹੀ ਵਿਕਲਪ ਚੁਣੋ ।



ਵਿਕਲਪ :

(a) ਰਾਮ ਮੋਹਨ ਰਾਇ

(b) ਰਾਜਾ ਰਵਿ ਵਰਮਾ

(c) ਲਕਸ਼ਮੀ ਨਾਥ ਬੇਜਬਰੂਆ

(d) ਗੰਗਾਧਰ ਭੱਟਾਚਾਰੀਆ

***ਨੋਟ:*** *ਹੇਠ ਲਿਖੇ ਪ੍ਰਸ਼ਨ ਸਿਰਫ* ***ਦਰਿਸ਼ਟੀਵਿਕਲਾਂਗ ਪ੍ਰੀਖਿਆਰਥੀਆਂ*** *ਦੇ ਲਈ ਪ੍ਰਸ਼ਨ ਸੰਖਿਆ* ***8*** *ਦੇ ਥਾਂ ਤੇ ਬਦਲਵੇਂ ਪ੍ਰਸ਼ਨ ਹਨ ।*

ਹੇਠ ਲਿਖਿਆਂ ਵਿਚੋਂ ਕੌਣ 'ਗੁਲਾਮਗੀਰੀ' ਦਾ ਲੇਖਕ ਹੈ ?

(a) ਡਾ. ਬੀ.ਆਰ. ਅੰਬੇਡਕਰ

(b) ਈ.ਵੀ. ਪੇਰਿਯਾਰ

(c) ਜਯੋਤਿਬਾ ਫੁਲੇ

(d) ਰਾਮ ਮੋਹਨ ਰਾਏ

**9.** 1920 ਦੇ ਦਹਾਕੇ ਵਿਚ ਹੇਠ ਲਿਖੇ ਕਿਸ ਦੇਸ਼ ਦੀ ਮਹਤਵਪੂਰਨ ਵਿਸ਼ੇਸ਼ਤਾ 'ਵੱਡੇ ਪਧਰ ਤੇ ਉਤਪਾਦਨ' ਦਾ ਚਲਨ ਸੀ ?

(a) ਸੰਯੁਕਤ ਰਾਜ ਅਮੇਰਿਕਾ (b) ਪੋਲੈਂਡ

(c) ਫਰਾਂਸ (d) ਜਪਾਨ

**10.** ਪਹਿਲੇ ਵਿਸ਼ਵ ਯੁੱਧ ਵਿਚ ਕੇਂਦਰੀ ਸ਼ਕਤੀਆਂ ਨਾਲ ਸੰਬੰਧਤ ਹੇਠ ਲਿਖਿਆਂ ਵਿਚੋਂ ਸਹੀ ਵਿਕਲਪ ਚੁਣੋ :

(a) ਜਰਮਨੀ, ਆਸਟ੍ਰੀਆ-ਹੰਗਰੀ ਅਤੇ ਆਟੋਮਨ ਤੁਰਕੀ

(b) ਬ੍ਰਿਟੇਨ, ਫਰਾਂਸ ਅਤੇ ਰੂਸ

(c) ਇਟਲੀ, ਜਪਾਨ ਅਤੇ ਰੂਸ

(d) ਫਰਾਂਸ, ਆਸਟ੍ਰੀਆ-ਹੰਗਰੀ ਅਤੇ ਚੀਨ

**11.** 1815 ਵਿਚ ਨੇਪੋਲਿਅਨ ਦੀ ਹਾਰ ਤੋਂ ਪਿਛੋਂ ਯੂਰੋਪੀ ਸਰਕਾਰਾਂ ਹੇਠ ਲਿਖੀਆਂ ਵਿਚੋਂ ਕਿਹੜੀ ਭਾਵਨਾ ਨਾਲ ਪ੍ਰੇਰਿਤ ਸਨ ?

(a) ਸਮਾਜਵਾਦ (b) ਰੂੜੀਵਾਦ

(c) ਉਦਾਰਵਾਦ (d) ਰੁਮਾਨੀਵਾਦ

**12.** ਹੇਠ ਲਿਖਿਆਂ ਵਿਚੋਂ ਕਿਹੜੀ ਵਿਸ਼ਵੀਕਰਨ ਦੀ ਇੱਕ ਚੁਣੌਤੀ ਹੈ ?

(a) ਨਵੇਂ ਬਾਜਾਰਾਂ ਤੱਕ ਪਹੁੰਚ

(b) ਨਵੀਂ ਪ੍ਰਤਿਭਾ ਤੱਕ ਪਹੁੰਚ

(c) ਅੰਤਰਰਾਸ਼ਟਰੀ ਭਰਤੀ

(d) ਅਨੁਪਾਤਹੀਨ ਵਾਧਾ

**13.** ਹੇਠ ਲਿਖੇ ਸ਼ਹਿਰੀ ਪਰਿਵਾਰਾਂ ਦਾ ਕਿਹੜਾ ਵਰਗ ਉਪਚਾਰਿਕ ਖੇਤਰਕ ਤੋਂ ਉਧਾਰ ਦਾ ਸਭ ਤੋਂ ਜ਼ਿਆਦਾ ਪ੍ਰਤਿਸ਼ਤ ਪ੍ਰਾਪਤ ਕਰਦਾ ਹੈ ?

(a) ਗਰੀਬ ਪਰਿਵਾਰ

(b) ਥੋੜੀ ਜਾਇਦਾਦ ਵਾਲੇ ਪਰਿਵਾਰ

(c) ਸਮਰਿਧ ਪਰਿਵਾਰ

(d) ਅਮੀਰ ਪਰਿਵਾਰ

**14.** ਹੇਠ ਲਿਖਿਆਂ ਵਿਚੋਂ ਕਿਹੜੀ ਆਧੁਨਿਕ ਰੂਪ ਦੀ ਕਰੇਂਸੀ ਹੈ ?

(a) ਕਾਗਜ ਦੇ ਨੋਟ (b) ਸੋਨੇ ਦੇ ਸਿੱਕੇ

(c) ਚਾਂਦੀ ਦੇ ਸਿੱਕੇ (d) ਤਾਂਬੇ ਦੇ ਸਿੱਕੇ

**15.** ਹੇਠ ਲਿਖਿਆਂ ਵਿਚੋਂ ਕਿਹੜੀ ਅਸੰਗਠਿਤ ਖੇਤਰਕ ਦੀ ਇਕ ਵਿਸ਼ੇਸ਼ਤਾ ਹੈ ?

(a) ਰੁਜ਼ਗਾਰ ਦੀ ਅਵਧੀ ਨਿਯਮਿਤ ਹੁੰਦੀ ਹੈ ।

(b) ਲੋਕਾਂ ਦੇ ਕੋਲ ਸੁਨਿਸ਼ਚਿਤ ਕੰਮ ਹੁੰਦਾ ਹੈ ।

(c) ਉਨ੍ਹਾਂ ਦੀ ਕੁਝ ਉਪਚਾਰਿਕ ਪ੍ਰਕਿਰਿਆ ਅਤੇ ਕਾਰਜਵਿਧੀ ਹੈ ।

(d) ਨਿਯਮ ਅਤੇ ਅਧਿਨਿਯਮ ਹੁੰਦੇ ਹਨ ਪਰ ਉਨ੍ਹਾਂ ਦਾ ਪਾਲਨ ਨਹੀਂ ਹੁੰਦਾ ਹੈ ।

**16.** ਕੁਦਰਤੀ ਉਤਪਾਦਾਂ ਨੂੰ ਹੋਰ ਰੂਪਾਂ ਵਿਚ ਬਦਲਣ ਨੂੰ ਕਿਹਾ ਜਾਂਦਾ ਹੈ :

(a) ਮੁਢਲਾ (ਪ੍ਰਾਥਮਿਕ) ਉਤਪਾਦ

(b) ਦ੍ਵਿਤੀਅਕ ਉਤਪਾਦ

(c) ਤ੍ਰਿਤੀਅਕ ਉਤਪਾਦ

(d) ਚਤੁਰਥਕ ਉਤਪਾਦ

**17.** ਹੇਠ ਲਿੱਖੇ ਰਾਜਾਂ ਵਿੱਚੋਂ ਕਿਹੜਾ ਖੇਤਰੀ ਦਲ ਰਾਹੀਂ ਸ਼ਾਸ਼ਿਤ ਹੈ ?

(a) ਹਰਿਆਣਾ (b) ਮੱਧ ਪ੍ਰਦੇਸ਼

(c) ਔਡਿਸਾ (d) ਰਾਜਸਥਾਨ

**18.** ਹੇਠ ਲਿੱਖੇ ਦੇਸ਼ਾਂ ਵਿੱਚੋਂ ਕਿਸ ਬਹੁਦਲੀ ਵਿਵਸਥਾ ਨੂੰ ਅਪਣਾਇਆ ਹੈ ?

(a) ਸੰਯੁਕਤ ਰਾਜ ਅਮੇਰਿਕਾ (b) ਭਾਰਤ

(c) ਚੀਨ (d) ਯੁਨਾਈਟਿਡ ਕਿੰਗਡਮ

**19.** ਖਾਲੀ ਥਾਂ ਭਰਨ ਦੇ ਲਈ ਸਹੀ ਵਿਕਲਪ ਚੁਣੋ ।

ਵਿਸ਼ਵ ਬੈਂਕ ਰਾਹੀਂ ਦੇਸ਼ਾਂ ਦੀ ਤੁਲਨਾ ਕਰਨ ਦੇ ਲਈ ਉਨਾਂ ਦੀ ________ ਨੂੰ ਸਭ ਤੋਂ ਮਹੱਤਵਪੂਰਨ ਨਵੇਕਲਾਪਨ ਸਮਝਿਆ ਜਾਂਦਾ ਹੈ ।

(a) ਸਿੱਖਿਆ (b) ਆਮਦਨ

(c) ਸਿਹਤ ਦਾ ਮਿਆਰ (d) ਜੀਵਨ ਦਾ ਮਿਆਰ

**20.** ਦਿੱਤੀ ਗਈ ਸਾਰਣੀ ਨੂੰ ਧਿਆਨ ਨਾਲ ਦੇਖੋ ਅਤੇ ਉਸਦੇ ਹੇਠ ਦਿੱਤੇ ਗਏ ਪ੍ਰਸ਼ਨ ਦਾ ਉੱਤਰ ਦਿਓ :

*ਸਾਲ 2019 ਲਈ ਭਾਰਤ ਅਤੇ ਉਸਦੇ ਗੁਆਂਢੀ ਦੇਸ਼ਾਂ ਦੇ ਅੰਕੜੇ*

| ਦੇਸ਼ | ਸਕਲ ਰਾਸ਼ਟ੍ਰੀ ਆਮਦਨ (GNI) ਪ੍ਰਤੀ ਵਿਅਕਤੀ ਅਮਰੀਕੀ ਡਾਲਰ ਵਿਚ (2011 ਖਰੀਦਨ ਦੀ ਸਮਰੱਥਾ) | ਜਨਮ ਦੇ ਸਮੇਂ ਸੰਭਾਵੀ ਉਮਰ | ਸਕੂਲੀ ਔਸਤ ਉਮਰ 25 ਸਾਲ ਜਾਂ ਉਸ ਤੋਂ ਵੱਧ | ਸੰਸਾਰ ਵਿੱਚ ਮਨੁੱਖੀ ਵਿਕਾਸ ਦਾ ਸੂਚਕ ਅੰਕ (HDI) ਦਾ ਕ੍ਰਮ ਅੰਕ (2018) |
|---|---|---|---|---|
| ਸ਼੍ਰੀ ਲੰਕਾ | 12,707 | 77 | 10·6 | 73 |
| ਭਾਰਤ | 6,681 | 69·7 | 6·5 | 130 |
| ਮਯਾਂਮਾਰ | 4,961 | 67·1 | 5·0 | 148 |
| ਪਾਕਿਸਤਾਨ | 5,005 | 67·3 | 5·2 | 154 |
| ਨੇਪਾਲ | 3,457 | 70·8 | 5·0 | 143 |
| ਬੰਗਲਾਦੇਸ਼ | 4,976 | 72·6 | 6·2 | 134 |

ਹੇਠ ਲਿਖੇ ਦੇਸ਼ਾਂ ਵਿੱਚੋਂ ਕਿਸ ਦਾ 'ਮਨੁੱਖੀ ਵਿਕਾਸ ਸੂਚਕ ਅੰਕ (HDI)' ਦਾ ਸਤਰ ਸਭ ਤੋਂ ਅਧਿਕ ਹੈ ?

(a) ਭਾਰਤ
(b) ਬੰਗਲਾਦੇਸ਼
(c) ਸ਼੍ਰੀ ਲੰਕਾ
(d) ਨੇਪਾਲ

## ਖੰਡ B

### (ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ) *(4×2=8)*

**21.** 1956 ਵਿਚ ਸ਼੍ਰੀ ਲੰਕਾਈ ਤਮਿਲਾਂ ਦੀ ਨਰਾਜਗੀ ਕਿਉਂ ਵਧ ਗਈ ? ਸਪਸ਼ਟ ਕਰੋ । *2*

**22.** ਭਾਰਤ ਵਿਚ ਬਸਤੀਵਾਦੀ ਕਾਲ ਦੇ ਸਮੇਂ ਜੰਗਲਾਂ (ਵਨਾਂ) ਦੇ ਨੁਕਸਾਨ ਹੋਣ ਦੇ ਕਿਸੇ ਦੋ ਕਾਰਨਾ ਦੀ ਵਿਆਖਿਆ ਕਰੋ । *2*

**23.** (a) ਇਟਲੀ ਦੇ ਪ੍ਰਦੇਸ਼ਾ ਨੂੰ ਇਕਠਿਆਂ ਕਰਨ ਵਾਲੇ ਅੰਦੋਲਨ ਦੀ ਅਗਵਾਈ ਕਰਨ ਵਾਲੇ ਮੁਖ ਮੰਤਰੀ ਕਾਵੂਰ ਦੀ ਭੂਮਿਕਾ ਦਾ ਵਿਸ਼ਲੇਸ਼ਣ ਕਰੋ । *2*

**ਜਾਂ**

(b) ਉਨ੍ਹੀਵੀਂ ਸਦੀ ਦੇ ਦੌਰਾਨ ਯੂਰੋਪ ਵਿਚ ਉਦਾਰਵਾਦੀ ਰਾਸ਼ਟਰਵਾਦ ਦੇ ਵਿਚਾਰਾਂ ਦੀ ਪਰਖ ਕਰੋ । *2*

**24.** ਉਧਾਰ ਦੇ ਉਪਚਾਰਕ ਅਤੇ ਅਨਉਪਚਾਰਕ ਸਰੋਤਾਂ ਵਿਚ ਅੰਤਰ ਸਪਸ਼ਟ ਕਰੋ । *2*

### ਖੰਡ C

### (ਛੋਟੇ ਉੱਤਰ ਵਾਲੇ ਪ੍ਰਸ਼ਨ) *(5×3=15)*

**25.** ਭਾਰਤ ਵਿਚ ਤ੍ਰਿਤੀਅਕ ਖੇਤਰਕ ਦੀ ਵਧਦੀ ਮਹੱਤਤਾ ਦੀ ਪਰਖ ਕਰੋ । *3*

**26.** ਊਰਜਾ ਸੰਸਾਧਨ ਦੇ ਸੁਰੱਖਿਅਨ ਦੇ ਕੋਈ ਤਿੰਨ ਉਪਾਵਾਂ ਦਾ ਵਿਸਲੇਸ਼ਣ ਕਰੋ । *3×1=3*

**27.** ਭਾਰਤ ਵਿੱਚ ਇਸਤ੍ਰੀਆਂ ਨਾਲ ਵਿਤਕਰਾ ਦੂਰ ਕਰਨ ਦੇ ਕਿਸੇ ਤਿੰਨ ਉਪਾਵਾਂ ਦਾ ਵਿਸ਼ਲੇਸ਼ਣ ਕਰੋ । *3×1=3*

**28.** ਦ੍ਵਿਤਿਅਕ ਅਤੇ ਤ੍ਰਿਤਿਅਕ ਖੇਤਰਾਂ ਵਿੱਚ ਉਦਾਹਰਣਾ ਸਹਿਤ ਅੰਤਰ ਸਪਸ਼ਟ ਕਰੋ । *3*

**29.** (a) ਯੂਰੋਪ ਵਿਚ ਛਾਪਾ ਖਾਨਾ ਕਿਵੇਂ ਹੋਂਦ ਵਿਚ ਆਇਆ ? ਵਿਆਖਿਆ ਕਰੋ । *3*

**ਜਾਂ**

(b) ਕਿਤਾਬਾਂ ਤਕ ਪਹੁੰਚ ਅਸਾਨ ਹੋਣ ਨਾਲ ਇਸ ਤਰ੍ਹਾਂ ਪੜ੍ਹਨ ਦਾ ਨਵਾਂ ਸਭਿਆਚਾਰ ਵਿਕਸਿਤ ਹੋਇਆ ? ਵਿਆਖਿਆ ਕਰੋ । *3*

### ਖੰਡ D

### (ਲੰਬੇ ਉੱਤਰ ਵਾਲੇ ਪ੍ਰਸ਼ਨ) *(4×5=20)*

**30.** (a) ਗਾਂਧੀ ਜੀ ਨੇ 1919 ਵਿੱਚ ਪ੍ਰਸਤਾਵਿਤ ਰਾਲੈਟ ਐਕਟ ਦੇ ਖਿਲਾਫ ਇਕ ਦੇਸ-ਵਿਆਪੀ ਸਤਿਆਗ੍ਰਹਿ ਅੰਦੋਲਨ ਦਾ ਫੈਸਲਾ ਕਿਉਂ ਕੀਤਾ ? ਵਿਆਖਿਆ ਕਰੋ । *5*

**ਜਾਂ**

(b) ਸ਼ਹਿਰਾਂ ਤੋਂ ਵੱਧ ਕੇ ਅਸਹਿਯੋਗ ਅੰਦੋਲਨ ਪਿੰਡਾਂ ਵਿੱਚ ਕਿਉਂ ਫੈਲ ਗਿਆ ਸੀ ? ਵਿਆਖਿਆ ਕਰੋ । *5*

**31.** (a) ਬਹੁਰਾਸ਼ਟਰੀ ਕੰਪਨੀਆਂ ਸੰਸਾਰਭਰ ਦੇ ਉਤਪਾਦਨ ਨੂੰ ਇਕ ਦੂਸਰੇ ਨਾਲ ਜੋੜਦੇ ਹਨ ? ਉਦਾਹਰਣਾ ਸਹਿਤ ਸਪਸ਼ਟ ਕਰੋ । *5*

**ਜਾਂ**

(b) ਵਿਦੇਸ਼ੀ ਨਿਵੇਸ਼ ਨੂੰ ਆਪਣੇ ਵਲ ਖਿੱਚਣ ਦੇ ਲਈ ਕੇਂਦਰ ਅਤੇ ਰਾਜ-ਸਰਕਾਰਾਂ ਰਾਹੀਂ ਕੀਤੇ ਗਏ ਕਿਸੇ ਪੰਜ ਉਪਾਵਾਂ ਦੀ ਵਿਆਖਿਆ ਕਰੋ । *5×1=5*

**32.** (a) “ਲੋਕਤੰਤਰ ਇੱਕ ਬਿਹਤਰ ਸ਼ਾਸਨ ਵਿਵਸਥਾ ਹੈ ।” ਇਸ ਕਥਨ ਦੀ ਪੁਸ਼ਟੀ ਕਰੋ । *5*

**ਜਾਂ**

(b) “ਲੋਕਤੰਤਰ ਇੱਕ ਜ਼ਿੰਮੇਵਾਰ ਅਤੇ ਕਨੂੰਨਨ ਸ਼ਾਸਨ ਵਿਵਸਥਾ ਹੈ ।” ਇਸ ਕਥਨ ਦੀ ਪੁਸ਼ਟੀ ਕਰੋ । *5*

**33.** (a) ਭਾਰਤ ਵਿੱਚ ਪ੍ਰਿਮੀਟਿਵ (ਮੁੱਢਲਾ) ਜੀਵਿਕਾ ਨਿਰਵਾਹ ਅਤੇ ਵਪਾਰਕ ਖੇਤੀਬਾੜੀ ਦੀਆਂ ਵਿਸ਼ੇਸ਼ਤਾਵਾਂ ਦੀ ਵਿਆਖਿਆ ਕਰੋ । *2+3=5*

**ਜਾਂ**

(b) ਭਾਰਤ ਵਿੱਚ ਸੰਘਣੀ ਜੀਵਿਕਾ ਅਤੇ ਰੋਪਣ ਖੇਤੀਬਾੜੀ ਦੀਆਂ ਵਿਸ਼ੇਸ਼ਤਾਵਾਂ ਦੀ ਵਿਆਖਿਆ ਕਰੋ । *2+3=5*

## ਖੰਡ E

## (ਸਰੋਤ/ਕੇਸ ਅਧਾਰਿਤ ਪ੍ਰਸ਼ਨ) *(3×4=12)*

**34.** ਹੇਠ ਦਿੱਤੇ ਗਏ ਸਰੋਤ ਨੂੰ ਧਿਆਨ ਨਾਲ ਪੜ੍ਹੋ ਤੇ ਉਸਦੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

ਰਾਜਨੀਤਿਕ ਦਲਾਂ ਦਾ ਜਨਮ ਪ੍ਰਤਿਨਿਧਤਾ ਉਪਰ ਅਧਾਰਿਤ ਲੋਕਤੰਤਰੀ ਵਿਵਸਥਾ ਦੇ ਉਭਾਰ ਦੇ ਨਾਲ ਜੁੜਿਆ ਹੈ । ਅਸੀਂ ਪੜ੍ਹ ਚੁਕੇ ਹਾਂ ਕਿ ਵੱਡੇ ਸਮਾਜਾਂ ਦੇ ਲਈ ਪ੍ਰਤੀਨਿਧਤਾ ਅਧਾਰਿਤ ਲੋਕਤੰਤਰ ਦੀ ਜਰੂਰਤ ਹੁੰਦੀ ਹੈ । ਜਦੋਂ ਸਮਾਜ ਵੱਡੇ ਅਤੇ ਮੁਸ਼ਕਿਲ (ਜਟਿਲ) ਹੋ ਜਾਂਦੇ ਹਨ ਤਾਂ ਉਨ੍ਹਾਂ ਨੂੰ ਵੱਖੋ ਵੱਖ ਮੁੱਦਿਆਂ ਉਪਰ ਵੱਖੋ ਵੱਖ ਵਿਚਾਰਾਂ ਨੂੰ ਸਮੇਟਨ ਅਤੇ ਸਰਕਾਰ ਦੀ ਨਜ਼ਰ ਵਿੱਚ ਲਿਆਉਣ ਦੇ ਲਈ ਕਿਸੇ ਮਾਧਿਅਮ ਜਾਂ ਏਜੈਂਸੀ ਦੀ ਜਰੂਰਤ ਹੁੰਦੀ ਹੈ । ਵੱਖੋ ਵੱਖ ਥਾਵਾਂ ਤੋਂ ਆਏ ਪ੍ਰਤੀਨਿਧੀਆ ਨੂੰ ਇਕੱਠੇ ਕਰਨ ਦੀ ਜਰੂਰਤ ਹੁੰਦੀ ਹੈ ਤਾਕਿ ਇੱਕ ਜ਼ਿੰਮੇਵਾਰ ਸਰਕਾਰ ਬਣਾਈ ਜਾ ਸਕੇ । ਉਨ੍ਹਾਂ ਨੂੰ ਸਰਕਾਰ ਦਾ ਸਮਰਥਨ ਕਰਨ ਜਾਂ ਉਸ ਉਪਰ ਕਾਬੂ ਰੱਖਣ, ਨੀਤੀਆਂ ਬਨਵਾਉਣੀਆਂ ਅਤੇ ਨੀਤੀਆਂ ਦਾ ਸਮਰਥਣ ਕਰਨਾ ਜਾਂ ਵਿਰੋਧ ਕਰਨ ਦੇ ਲਈ ਉਪਕਰਣਾਂ ਦੀ ਲੋੜ ਹੁੰਦੀ ਹੈ । ਹਰ ਇਕ ਪ੍ਰਤੀਨਿਧੀ–ਸਰਕਾਰ ਦੀਆਂ ਜੋ ਵੀ ਜਰੂਰਤਾਂ ਹੁੰਦੀਆਂ ਹਨ, ਰਾਜਨੀਤਿਕ ਦਲ ਉਨ੍ਹਾਂ ਨੂੰ ਪੂਰਾ ਕਰਦੇ ਹਨ । ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਰਾਜਨੀਤਿਕ ਦਲ ਲੋਕਤੰਤਰ ਦੀ ਇੱਕ ਜ਼ਰੂਰੀ ਸ਼ਰਤ ਹਨ ।

(34.1) ‘ਰਾਜਨੀਤਿਕ ਦਲ’ ਦੇ ਅਰਥ ਨੂੰ ਸਪਸ਼ਟ ਕਰੋ । 1

(34.2) “ਰਾਜਨੀਤਿਕ ਦਲਾਂ ਦਾ ਜਨਮ ਪ੍ਰਤੀਨਿਧਤਾ ਉਪਰ ਅਧਾਰਤ ਲੋਕਤੰਤਰੀ ਵਿਵਸਥਾ ਦੇ ਉਭਾਰ ਨਾਲ ਜੁੜਿਆ ਹੋਇਆ ਹੈ ।” ਇਸ ਕਥਨ ਦੀ ਪੁਸ਼ਟੀ ਕਰੋ । 1

(34.3) ਰਾਜਨੀਤਿਕ ਦਲ ਲੋਕਤੰਤਰ ਦੀ ਕਿਉਂ ਇੱਕ ਜ਼ਰੂਰੀ ਸ਼ਰਤ ਹੈ ? ਸਪਸ਼ਟ ਕਰੋ । 2

**35.** ਹੇਠ ਦਿੱਤੇ ਗਏ ਸਰੋਤ ਨੂੰ ਧਿਆਨ ਨਾਲ ਪੜ੍ਹੋ ਅਤੇ ਉਸ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

ਪਹਿਲੇ ਵਿਸ਼ਵ ਯੁੱਧ ਤਕ ਉਦਿਓਗਿਕ ਵਿਕਾਸ ਬਹੁਤ ਘੱਟ ਰਿਹਾ । ਯੁੱਧ ਨੇ ਇਕ ਬਿਲਕੁਲ ਨਵੀਂ ਹਾਲਤ ਪੈਦਾ ਕਰ ਦਿੱਤੀ ਸੀ । ਬ੍ਰਿਟਿਸ਼ ਕਾਰਖਾਨੇ ਸੈਨਾਂ ਦੀ ਜਰੂਰਤਾਂ ਨੂੰ ਪੂਰਾ ਕਰਨ ਦੇ ਲਈ ਯੁੱਧ ਸੰਬੰਧੀ ਉਤਪਾਦਨ ਵਿੱਚ ਰੁੱਝੇ ਹੋਏ ਸਨ, ਇਸ ਲਈ ਭਾਰਤ ਵਿੱਚ ਮੈਨਚੈਸਟਰ ਦੇ ਮਾਲ ਦਾ ਆਯਾਤ ਘੱਟ ਹੋ ਗਿਆ । ਭਾਰਤੀ ਬਜਾਰਾਂ ਨੂੰ ਰਾਤੋ ਰਾਤ ਇੱਕ ਬਹੁਤ ਵੱਡਾ ਸਵਦੇਸ਼ੀ ਬਜਾਰ ਮਿਲ ਗਿਆ । ਯੁੱਧ ਲੰਬਾ ਚਲਿਆ ਤਾਂ ਭਾਰਤੀ ਕਾਰਖਾਨਿਆਂ ਵਿੱਚ ਵੀ ਫੋਜ ਦੇ ਲਈ ਜੂਟ ਦੀਆਂ ਬੋਰੀਆਂ, ਫੌਜੀਆਂ ਦੇ ਲਈ ਵਰਦੀ ਦੇ ਕਪੜੇ, ਟੈਂਟ ਅਤੇ ਚਮੜੇ ਦੀਆਂ ਜੁੱਤੀਆਂ (ਬੂਟ) ਘੋੜੇ ਅਤੇ ਖੱਚਰਾਂ ਦੀਆਂ ਕਾਠੀਆਂ ਅਤੇ ਬਹੁਤ ਸਾਰੇ ਹੋਰ ਸਮਾਨ ਬਣਨ ਲੱਗੇ । ਨਵੇਂ ਕਾਰਖਾਨੇ ਲਗਾਏ ਗਏ । ਪੁਰਾਨੇ ਕਾਰਖਾਨੇ ਕਈ ਸ਼ਿਫਟਾਂ ਵਿੱਚ ਚੱਲਣ ਲਗੇ । ਬਹੁਤ ਸਾਰੇ ਨਵੇਂ ਮਜਦੂਰਾਂ ਨੂੰ ਕੰਮ ਤੇ ਲਗਾਇਆ ਗਿਆ ਅਤੇ ਹਰ ਇਕ ਨੂੰ ਪਹਿਲੇ ਤੋਂ ਜਿਆਦਾ ਸਮਾ ਕੰਮ ਕਰਨਾ ਪੈਂਦਾ ਸੀ । ਯੁਧ ਦੇ ਦੋਰਾਨ ਉਦਯੋਗਿਕ ਉਤਪਾਦਨ ਤੇਜ਼ੀ ਨਾਲ ਵੱਧਿਆ ।

ਯੁੱਧ ਤੋਂ ਪਿੱਛੋ ਭਾਰਤੀ ਬਾਜ਼ਾਰ ਵਿਚ ਮੈਨਚੈਸਟਰ ਨੂੰ ਪਹਿਲੇ ਵਾਲੀ ਹੈਸੀਅਤ ਕਦੇ ਵੀ ਹਾਸਲ ਨਹੀਂ ਹੋ ਸਕੀ । ਯੁੱਧ ਤੋਂ ਪਿੱਛੋਂ ਆਧੁਨਿਕੀਕਰਣ ਨਾ ਕਰ ਸੱਕਣ ਅਤੇ ਅਮੇਰੀਕਾ ਜਰਮਨੀ ਅਤੇ ਜਾਪਾਨ ਦੇ ਮੁਕਾਬਲੇ ਕਮਜ਼ੋਰ ਪੈ ਜਾਣ ਕਰਕੇ ਬ੍ਰਿਟੇਨ ਦੀ ਅਰਥਵਿਵਸਥਾ ਕਮਜੋਰ ਪੈ ਗਈ । ਕਪਾਹ ਦਾ ਉਤਪਾਦਨ ਬਹੁਤ ਘੱਟ ਗਿਆ ਸੀ ਅਤੇ ਬ੍ਰਿਟੇਨ ਤੋਂ ਹੋਣ ਵਾਲੇ ਸੂਤੀ ਕੱਪੜੇ ਦੀ ਨਿਰਯਾਤ ਵਿੱਚ ਬਹੁਤ ਗਿਰਾਵਟ ਆਈ । ਬਸਤੀਆਂ ਵਿੱਚੋਂ ਵਿਦੇਸ਼ੀ ਉਤਪਾਦਾਂ ਨੂੰ ਹਟਾ ਕੇ ਸਥਾਨਕ ਉਦਿਓਗਪਤੀਆਂ ਨੇ ਘਰੇਲੂ ਬਾਜਾਰਾਂ ਤੇ ਕਬਜ਼ਾ ਕਰ ਲਿਆ ਅਤੇ ਹੋਲੀ-ਹੋਲੀ ਅਪਣੀ ਸਥਿਤੀ ਮਜ਼ਬੂਤ ਬਣਾ ਲਈ ।

(35.1) ਭਾਰਤ ਵਿੱਚ ਮੈਨਚੈਸਟਰ ਦੇ ਸਾਮਾਨ ਦੀ ਆਯਾਤ ਘੱਟ ਕਿਉਂ ਹੋ ਗਈ ? *1*

(35.2) ਪਹਿਲੇ ਵਿਸ਼ਵ ਯੁੱਧ ਤੋਂ ਬਾਦ ਭਾਰਤੀ ਬਜਾਰਾਂ ਵਿੱਚ ਮੈਨਚੈਸਟਰ ਨੂੰ ਪਹਿਲੇ ਵਾਲੀ ਥਾਂ ਕਦੇ ਵੀ ਹਾਸਲ ਕਿਉਂ ਨਹੀਂ ਹੋ ਸਕੀ ? *1*

(35.3) ਪਹਿਲੇ ਵਿਸ਼ਵ ਯੁੱਧ ਤੋਂ ਭਾਰਤ ਨੂੰ ਹੋਣ ਵਾਲੇ ਕਿਸੇ ਦੋ ਲਾਭਾਂ ਦਾ ਵਿਸ਼ਲੇਸ਼ਣ ਕਰੋ । *2×1=2*

**36.** ਹੇਠ ਦਿੱਤੇ ਗਏ ਸਰੋਤ ਨੂੰ ਧਿਆਨ ਨਾਲ ਪੜ੍ਹੋ ਤੇ ਉਸਦੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

ਨਦੀ ਪਰਿਯੋਜਨਾਵਾਂ ਦੇ ਬਾਰੇ ਉਠਾਏ ਗਏ ਜਿਆਦਾਤਰ ਸਵਾਲ ਉਨ੍ਹਾਂ ਦੇ ਉਦੇਸ਼ਾਂ ਦੇ ਅਸਫਲ ਹੋਣ ਜਾਣ ਤੇ ਹਨ । ਇਹ ਇੱਕ ਅਸਚਰਜ ਗਲ ਹੈ ਕਿ ਜਿਹੜੇ ਡੈਮ (ਬੰਧ) ਹੜਾਂ ਨੂੰ ਰੋਕਣ ਲਈ ਬਣਾਏ ਜਾਂਦੇ ਹਨ, ਉਹਨਾਂ ਦੇ ਸਰੋਵਰਾਂ ਦੇ ਉੱਤੇ ਪਪੜੀ ਜਮਾਂ ਹੋ ਜਾਣ ਕਰਕੇ ਹੜ੍ਹ ਆਉਣ ਦਾ ਕਾਰਨ ਬਣ ਜਾਂਦੇ ਹਨ । ਬਹੁਤ ਜ਼ਿਆਦਾ ਬਰਸਾਤ ਹੋਣ ਕਾਰਨ ਵੱਡੇ-ਵੱਡੇ ਡੈਮ ਵੀ ਹੜ੍ਹਾਂ ਨੂੰ ਰੋਕਣ ਵਿਚ ਅਸਫਲ ਹੋ ਜਾਂਦੇ ਹਨ । ਤੁਸੀਂ ਪੜ੍ਹਿਆ ਹੋਵੇਗਾ ਕਿ ਸਾਲ 2006 ਵਿੱਚ ਮਹਾਰਾਸ਼ਟਰ ਅਤੇ ਗੁਜਰਾਤ ਵਿਚ ਭਾਰੀ ਬਾਰਿਸ਼ ਦੇ ਦੌਰਾਨ ਬਨ੍ਹਾਂ ਦੇ ਵਿੱਚੋਂ ਛੋੜੇ ਗਏ ਪਾਣੀ ਦੇ ਕਾਰਣ ਹੜ੍ਹਾਂ ਦੀ ਸਥਿਤਿ ਹੋਰ ਵੀ ਭਿਆਨਕ ਹੋ ਗਈ । ਇਨ੍ਹਾਂ ਹੜ੍ਹਾਂ ਦੇ ਕਾਰਣ ਨਾ ਸਿਰਫ ਜਾਨ ਅਤੇ ਮਾਲ ਦਾ ਨੁਕਸਾਨ ਹੋਇਆ ਬਲਕਿ ਬਹੁਤ ਵੱਡੇ ਪੈਮਾਨੇ ਤੇ ਮਿੱਟੀ ਦਾ ਕਟਾਵ ਵੀ ਹੋਇਆ । ਬੰਧ (ਡੈਮ) ਦੇ ਸਰੋਤ ਉਪਰ ਕਾਈ ਜਮਾਂ ਹੋਣ ਦਾ ਅਰਥ ਇਹ ਵੀ ਹੈ ਕਿ ਉਹ ਪਰਤ ਜਿਹੜੀ ਇਕ ਕੁਦਰਤੀ ਖਾਦ ਹੈ, ਹੜ੍ਹ ਦੇ ਮੈਦਾਨ ਤਕ ਨਹੀਂ ਪਹੁੰਚਦੀ ਜਿਸਦੇ ਕਾਰਣ ਧਰਤੀ ਦੀ ਨਿਮਨੀਕਰਣ ਦੀ ਸਮੱਸਿਆ ਵਧਦੀ ਹੈ । ਇਹ ਵੀ ਮੰਨਿਆ ਜਾਂਦਾ ਹੈ ਕਿ ਬਹੁਉਦੇਸ਼ੀ ਯੋਜਨਾਵਾਂ ਦੇ ਕਾਰਣ ਭੁਚਾਲ ਆਉਣ ਦੀ ਸੰਭਾਵਨਾ ਵੀ ਵਧ ਜਾਂਦੀ ਹੈ ਅਤੇ ਪਾਣੀ ਦੀ ਬਹੁਤ ਜ਼ਿਆਦਾ ਵਰਤੋਂ ਦੇ ਕਾਰਣ ਪਾਣੀ ਨਾਲ ਪੈਦਾ ਹੋਣ ਵਾਲੀਆਂ ਬਿਮਾਰੀਆਂ, ਫਸਲਾਂ ਵਿਚ ਕਿਟਾਣੂਆਂ ਨਾਲ ਪੈਦਾ ਹੋਈਆਂ ਬਿਮਾਰੀਆਂ ਅਤੇ ਪ੍ਰਦੂਸ਼ਣ ਫੈਲਦੇ ਹਨ ।

(36.1) ਗੁਜਰਾਤ ਵਿੱਚ ਨਦੀ ਪਰਿਯੋਜਨਾਂ ਦੇ ਵਿਰੁੱਧ ਅੰਦੋਲਨ ਦਾ ਨਾਂ ਲਿਖੋ । *1*

(36.2) ਬਹੁਤ ਜ਼ਿਆਦਾ ਬਰਸਾਤ ਹੋਣ ਦੀ ਹਾਲਤ ਵਿਚ ਵੱਡੇ ਬੰਧ (ਡੈਮ) ਹੜ੍ਹਾਂ ਤੇ ਕਾਬੂ ਪਾਉਣ ਵਿਚ ਅਸਫਲ ਕਿਵੇਂ ਰਹਿੰਦੇ ਹਨ ? *1*

(36.3) ਬਹੁਉਦੇਸ਼ੀ ਨਦੀ ਪਰਿਯੋਜਨਾਵਾਂ ਦੇ ਕਿਸੇ ਦੋ ਲਾਭਾਂ ਦਾ ਵਿਸ਼ਲੇਸ਼ਣ ਕਰੋ ? *2×1=2*

## ਖੰਡ F

## (ਮਾਨਚਿੱਤਰ ਅਧਾਰਿਤ ਪ੍ਰਸ਼ਨ) *(2+3=5)*

**37.** (a) **ਭਾਰਤ** ਦੇ ਦਿੱਤੇ ਗਏ ਰਾਜਨੀਤਕ ਰੇਖਾ ਮਾਨਚਿੱਤਰ (ਪੰਨਾ 15 ਤੇ) ਉਪਰ ਦੋ ਸਥਾਨ A ਅਤੇ B ਦੇ ਰੂਪ ਵਿਚ ਦਰਸਾਏ ਗਏ ਹਨ । ਹੇਠ ਲਿਖੀਆਂ ਜਾਣਕਾਰੀਆਂ ਦੀ ਸਹਾਇਤਾ ਨਾਲ ਉਨ੍ਹਾਂ ਦੇ ਸਹੀ ਨਾਮ ਉਨ੍ਹਾਂ ਦੇ ਨਜ਼ਦੀਕ ਖਿੱਚੀਆਂ ਗਈਆਂ ਰੇਖਾਵਾਂ ਉਪਰ ਲਿਖੋ ।

(i) ਉਹ ਥਾਂ ਜਿੱਥੇ ਦਸੰਬਰ 1920 ਭਾਰਤ ਰਾਸ਼ਟਰੀ ਕਾਂਗਰਸ ਦਾ ਅਜਲਾਸ (ਸੈਸ਼ਨ) ਹੋਇਆ ਸੀ । *1*

(ii) ਉਹ ਥਾਂ ਜਿੱਥੇ ਜਲ੍ਹਿਆਂਵਾਲਾ ਬਾਗ ਦੀ ਘਟਨਾ ਹੋਈ । *1*

(b) **ਭਾਰਤ** ਦੇ ਇਸ ਰੇਖਾ ਮਾਨਚਿੱਤਰ ਵਿੱਚ ਹੇਠ ਲਿਖਿਆਂ ਵਿੱਚੋਂ ਕਿਸੇ ***ਤਿੰਨ*** ਨੂੰ ਢੁਕਵੇਂ ਚਿਨ੍ਹਾਂ ਨਾਲ ਦਰਸਾਓ ਅਤੇ ਉਨ੍ਹਾਂ ਦੇ ਨਾਮ ਲਿਖੋ । *3×1=3*

(i) ਨੋਇਡਾ – ਸਾਫਟਵੇਯਰ ਟੈਕਨੌਲੋਜੀ ਪਾਰਕ

(ii) ਬੇਲਾਡਿਲਾ – ਲੋਹਾ–ਕੱਚੀ ਧਾਤ ਦੀਆਂ ਖਾਣਾਂ

(iii) ਤਾਰਾਪੁਰ – ਪਰਮਾਣੂ ਊਰਜਾ ਦਾ ਕਾਰਖਾਨਾ

(iv) ਹਲਦੀਆ – ਸਮੁੰਦਰੀ ਬੰਦਰਗਾਹ

***ਨੋਟ:*** *ਹੇਠ ਲਿਖੇ ਪ੍ਰਸ਼ਨ ਸਿਰਫ* ***ਦਰਿਸ਼ਟੀਵਿਕਲਾਂਗ ਪ੍ਰੀਖਿਆਰਥੀਆਂ*** *ਦੇ ਲਈ ਪ੍ਰਸ਼ਨ ਸੰਖਿਆ* ***37*** *ਦੇ ਥਾਂ ਬਦਲਵੇਂ ਪ੍ਰਸ਼ਨ ਹਨ ।*

*ਕਿਸੇ* ***ਪੰਜ*** *ਪ੍ਰਸ਼ਨਾਂ ਦੇ ਉੱਤਰ ਦਿਓ ।* *5×1=5*

(37.1) ਉਸ ਥਾਂ ਦਾ ਨਾਂ ਲਿਖੋ ਜਿੱਥੇ ਦਸੰਬਰ 1920 ਵਿੱਚ ਭਾਰਤੀ ਰਾਸ਼ਟਰੀ ਕਾਂਗਰਸ ਦਾ ਅਜਲਾਸ ਹੋਇਆ ਸੀ ।

(37.2) ਉਸ ਥਾਂ ਦਾ ਨਾਂ ਲਿਖੋ ਜਿੱਥੇ ਜਲਿਆਂਵਾਲੇ ਬਾਗ ਦੀ ਘਟਨਾ ਹੋਈ ਸੀ ।

(37.3) ਭਾਰਤ ਦੇ ਕਾਫੀ ਦੇ ਕਿਸੇ ਇੱਕ ਪ੍ਰਮੁੱਖ ਉਤਪਾਦਕ ਰਾਜ ਦਾ ਨਾਂ ਲਿੱਖੋ ।

(37.4) ਉਸ ਰਾਜ ਦਾ ਨਾਂ ਲਿੱਖੋ ਜਿੱਥੇ ਬੇਲਾਡਿਲਾ ਲੋਹਾ ਕੱਚੀ ਧਾਤ ਦੀਆਂ ਖਾਣਾਂ ਹਨ ।

(37.5) ਉਸ ਰਾਜ ਦਾ ਨਾਂ ਲਿਖੋ ਜਿੱਥੇ ਤਾਰਾਪੁਰ ਪਰਮਾਣੂ ਊਰਜਾ ਪਲਾਂਟ (ਕਾਰਖਾਨਾ) ਸਥਿਤ ਹੈ ।

(37.6) ਉਸ ਰਾਜ ਦਾ ਨਾਂ ਲਿਖੋ ਜਿੱਥੇ ਹਲਦੀਆ ਸਮੁੰਦ੍ਰੀ ਬੰਦਰਗਾਹ ਸਥਿਤ ਹੈ ।

**ਪ੍ਰਸ਼ਨ ਸੰ. 37 ਦੇ ਲਈ**

